# ਸਕੌਟਿਸ਼ ਸਿੱਖ ਕੌਂਸਲ ਯੂ ਕੇ ਵੱਲੋਂ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਗਲਾਸਗੋ ਵਿਖੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ

17 ਜੁਲਾਈ ਦਿਨ ਸ਼ਨਿਚਰਵਾਰ ਸ਼ਾਮ ਨੂੰ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਗਲਾਸਗੋ ਵਿਖੇ 'ਸਕੌਟਿਸ਼ ਸਿੱਖ ਕੌਂਸਲ ਯੂ ਕੇ' ਵਲੋਂ ਸ਼ਾਨਦਾਰ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। 2002 ਤੋਂ ਸਕੌਟਿਸ਼ ਸਿੱਖ ਕੌਂਸਲ ਯੂ ਕੇ, ਦਾਨੀ ਸਿੱਖ ਪਰਿਵਾਰਾਂ ਦੇ ਸਹਿਯੋਗ ਨਾਲ, ਅਣਗੌਲੇ ਸਿੱਖ ਕਬੀਲਿਆਂ ਦੀ ਸਹਾਇਤਾ ਲਈ ਸਿਕਲੀਗਰ ਵਣਜਾਰਾ ਪ੍ਰੋਜੈਕਟ ਚਲਾ ਰਹੀ ਹੈ। ਜਿਹਨਾਂ ਦਾਨੀ ਪਰਿਵਾਰਾਂ, ਦਾਨੀ ਸਿੱਖ ਸੰਸਥਾਵਾਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਸਕੌਟਿਸ਼ ਸਿੱਖ ਕੌਂਸਲ ਯੂ ਕੇ ਨੂੰ ਸਹਿਯੋਗ ਦਿੱਤਾ । ਉਹਨਾਂ ਦਾ ਧੰਨਵਾਦ ਕਰਨ ਲਈ ਅੱਜ ਦਾ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ ਸੀ । ਸੰਗਤ ਦੀ ਭਰਵੀਂ ਹਾਜ਼ਰੀ ਮਿਥੇ ਪ੍ਰੋਗਰਾਮ ਅਨੁਸਾਰ ਉਕਤ ਗੁਰੂ ਘਰ ਵਿਖੇ ਸ਼ਾਮ ਨੂੰ ਛੇ ਵਜੇ 'ਸਿੱਖੀ ਦੇ ਵਾਰਿਸ' 45 ਮਿੰਟ ਦੀ ਇਕ ਡਾਕੂਮੈਂਟਰ ਫ਼ਿਲਮ ਦਿਖਾਈ ਗਈ ਅਤੇ ਇਸ ਡਾਕੂਮੈਂਟਰੀ ਫ਼ਿਲਮ ਦੀਆ ਡੀ ਵੀ ਡੀਜ਼ ਵੀ ਵੰਡੀਆਂ ਗਈਆਂ । ਗਰੀਬੀ ਦੀ ਰੇਖਾ ਤੋਂ ਹੇਠਾਂ, ਕੱਖਾਂ, ਕਾਨਿਆਂ ਦੀਆਂ ਕੁਲੀਆਂ ਵਿੱਚ ਵੱਸਦੇ, 'ਸਾਬਤ ਸੂਰਤ' ਸਿਕਲੀਗਰ ਵਣਜਾਰੇ ਸਿੱਖ ਪਰਿਵਾਰਾਂ ਦੀ ਡਾਕੂਮੈਂਟਰੀ ਫ਼ਿਲਮ ਵੇਖ ਕੇ ਸੰਗਤ ਏਨੀ ਭਾਵੁਕ ਹੋ ਗਈ ਕਿ ਕਈਆਂ ਦੀਆਂ ਅੱਖਾਂ ਵਿੱਚ ਹੰਝੂ ਵੀ ਵੇਖੇ ਗਏ । ਡਾਕੂਮੈਂਟਰੀ ਫ਼ਿਲਮ ਵੇਖ ਕੇ ਸੰਗਤ ਵਿੱਚ ਇਸ ਗੱਲ ਦੀ ਵੀ ਭਰਪੂਰ ਚਰਚਾ ਹੋਈ ਕਿ ਕੱਖਾਂ, ਕਾਨਿਆਂ ਦੀਆਂ ਝੁਗੀਆਂ ਵਿੱਚ ਅਤਿ ਗਰੀਬੀ ਦਾ ਜੀਵਨ ਬਸਰ ਕਰਨ ਵਾਲੇ ਸਿਕਲੀਗਰ ਵਣਜਾਰੇ, ਬੱਚਿਆਂ ਦੇ ਸਿਰਾਂ ਤੇ ਰੁਮਾਲਾਂ ਨਾਲ ਢਕੇ ਹੋਏ ਜੂੜੇ ਸਲਾਮਤ ਹਨ, ਪਰ ਪੰਜਾਬ ਵਿੱਚ ਮਹਿਲਨੁਮਾ ਕੋਠੀਆਂ ਵਿਚ ਰਹਿਣ ਵਾਲੇ ਸਿੱਖ ਪਰਿਵਾਰਾਂ ਦੇ ਬੱਚਿਆਂ ਦੇ ਸਿਰਾਂ ਤੋਂ ਜੂੜੇ ਗਾਇਬ ਹੋ ਰਹੇ ਹਨ । ਫ਼ਿਲਮ ਵਿਖਾਉਣ ਤੋਂ ਬਾਅਦ, ਬੁਲਾਰਿਆਂ ਨੇ ਸਿਕਲੀਗਰ ਵਣਜਾਰਿਆਂ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਦਿੱਤੀ ਅਤੇ ਸਕਾਟਿਸ਼ ਸਿੱਖ ਕੌਂਸਲ ਯੂ ਕੇ ਵਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਅੱਗੇ ਤੋਂ ਵੀ ਇਸ ਸਵੈ ਸੇਵੀ ਸੰਸਥਾ ਨੂੰ ਕਾਮਯਾਬੀ ਨਾਲ ਚਲਾਉਣ ਲਈ ਕਈ ਬਹੁ-ਮੁਲੇ ਸੁਝਾਅ ਵੀ ਦਿੱਤੇ ਅਤੇ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਇਸ ਤੋਂ ਬਾਅਦ ਸਕੌਟਿਸ਼ ਸਿੱਖ ਕੌਂਸਲ ਯੂ ਕੇ ਦੇ ਸੇਵਾਦਾਰਾਂ ਨੇ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਦੋ ਬੀਬੀਆਂ ਜੋ ਕਿਤੇ ਵਜੋਂ ਵਕੀਲ ਹਨ, ਦੇ ਸਹਿਯੋਗ ਨਾਲ ਦਾਨੀ ਪਰਿਵਾਰਾਂ, ਦਾਨੀ ਸਿੱਖ ਸੰਸਥਾਵਾਂ ਅਤੇ ਸਹਿਯੋਗੀ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ 'ਸਨਮਾਨ ਪੱਤਰਾਂ' ਤੇ ਸ਼ੀਲਡਾਂ ਨਾਲ ਸਨਮਾਨਿਤ ਕੀਤਾ ।

**ਨੋਟ** : ਆਉਣ ਵਾਲੇ ਅੰਕਾਂ ਵਿੱਚ ਸਕੌਟਿਸ਼ ਸਿੱਖ ਕੌਂਸਲ ਯੂ ਕੇ ਵੱਲੋਂ ਕੀਤੀਆਂ ਅਤੇ ਚਲ ਰਹੀਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇਗੀ ਅਤੇ ਇਸੇ ਤਰ੍ਹਾਂ ਦਾਨੀ ਪਰਿਵਾਰਾਂ, ਦਾਨੀ ਸੰਸਥਾਵਾਂ ਅਤੇ ਸਹਿਯੋਗੀ ਗੁਰਦੁਆਰਿਆਂ ਦੇ ਨਾਵਾਂ ਦੀ ਸੂਚੀ ਵੀ ਵੇਰਵੇ ਸਹਿਤ ਪ੍ਰਕਾਸ਼ਤ ਕੀਤੀ ਜਾਵੇਗੀ।

## ਦਲੇਰ ਮਹਿੰਦੀ 'ਤੇ ਗੋਲੀ ਚਲਾਉਣ ਵਾਲਾ ਗ੍ਰਿਫ਼ਤਾਰ



ਨਵੀਂ ਦਿੱਲੀ-ਪੰਜਾਬੀ ਗਾਇਕ ਦਲੇਰ ਮਹਿੰਦੀ 'ਤੇ ਗੋਲੀ ਚਲਾਉਣ ਵਾਲੇ ਤੇ ਮੁੰਬਈ ਫ਼ਿਲਮ ਨਗਰੀ ਦੀ ਹੀਰੋਇਨ ਰਵੀਨਾ ਟੰਡਨ ਦੇ ਪਤੀ ਨੂੰ ਧਮਕਾਉਣ ਦੇ ਕਥਿਤ ਦੋਸ਼ੀ ਉਸਮਾਨ ਖਾਨ ਉਰਫ਼ੀ ਰੀਨੂ ਨੂੰ ਦਿੱਲੀ ਪੁਲੀਸ ਦੀ ਏ. ਟੀ. ਐੱਸ. ਵੱਲੋਂ ਗ੍ਰਿਫ਼ਤਾਰ ਕੀਤਾ ਹੈ।

## ਸ: ਤਰਲੋਚਨ ਸਿੰਘ ਦੁਪਾਲਪੁਰ ਨੂੰ ਗਹਿਰਾ ਸਦਮਾ



ਸੈਕਰਾਮੈਂਟੋ-(ਕੈਲਫ਼ੋਰਨੀਆ)-ਬਹੁਤ ਹੀ ਸਤਿਕਾਰਯੋਗ ਬੁੱਧੀਜੀਵੀ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ, ਉੱਘੇ ਲਿਖਾਰੀ ਸ: ਤਰਲੋਚਨ ਸਿੰਘ ਦੁਪਾਲਪੁਰ ਸਾਹਿਬ ਦੇ ਭੈਣ ਦੇ ਪਰਿਵਾਰਕ ਮੈਂਬਰ ਉਨ੍ਹਾਂ ਦੀ ਭਾਣਜੀ, ਭਾਣਜ ਨੂੰਹ ਅਤੇ ਭਾਣਜੇ ਦਾ ਸਪੁੱਤਰ ਜੋ ਅੱਠਵੀਂ ਜਮਾਤ ਦੇ ਪੇਪਰ ਦੇ ਕੇ ਨਤੀਜੇ ਨਿਕਲਣ ਤੋਂ ਪਹਿਲਾਂ ਹੀ ਇਕ ਦਰਦਨਾਕ ਸੜਕ ਦੁਰਘਟਨਾ ਵਿੱਚ ਸਦਾ ਵਾਸਤੇ ਬੇਵਕਤ ਮੌਤ ਦੀ ਨੀਂਦ ਵਿੱਚ ਸੌਂ ਗਏ । ਗਹਿਰੇ ਸਦਮੇ ਵਿੱਚ ਗੁਜਰ ਰਹੇ ਸ: ਤਰਲੋਚਨ ਸਿੰਘ ਦੁਪਾਲ-ਪੁਰ ਨਾਲ ਸ: ਪਰਮਿੰਦਰ ਸਿੰਘ ਔਜਲਾ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਅਤੇ ਅਰਦਾਸ ਹੈ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਪੰਜਾਬ ਅਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਪੰਜਾਬ ਵਿੱਚ ਸੜਕਾਂ ਦੀ ਹਾਲਤ ਸੁਧਾਰੀ ਜਾਵੇ ਅਤੇ ਸਖਤੀ ਨਾਲ ਟਰੈਫ਼ਿਕ ਨਿਯਮ ਲਾਗੂ ਕੀਤੇ ਜਾਣ ਜਿਸ ਨਾਲ ਐਹੋ ਜਿਹੇ ਭਾਣੇ ਨਾ ਵਰਤਣ । ਭੈਣਾਂ ਕੋਲੋਂ ਭਰਾ, ਮਾਵਾਂ ਕੋਲੋਂ ਪੁੱਤ, ਪੁੱਤਾਂ ਕੋਲੋਂ ਮਾਪੇ, ਪੋਤਰੇ ਪੋਤਰੀਆਂ, ਦੋਹਤਰੇ ਦੋਹਤਰੀਆਂ ਨਾ ਵਿਛੜਨ। ਇਹ ਦੁੱਖ ਸਹਿਣੇ ਬਹੁਤ ਔਖੇ ਹਨ ਜਿਨ੍ਹਾਂ ਤੋਂ ਵਿਛੜੇ ਉਨ੍ਹਾਂ ਨੂੰ ਪੁੱਛ ਕੇ ਦੇਖੋ ਵਿਛੜਿਆਂ ਦੇ ਦੁੱਖ ਕਿੰਨੇ ਕਠਿਨ ਹਨ ।

# ਅਖੰਡ ਕੀਰਤਨੀ ਜੱਥੇ ਦੇ ਪ੍ਰਭਾਵ ਅਧੀਨ ਦੀਪਕ ਸ਼ਰਮਾ ਬਣਿਆ ਬਿਲਾਵਲ ਸਿੰਘ

☛ ਨਿਊਜ਼ੀਲੈਂਡ 'ਚ ਅੰਮ੍ਰਿਤ ਵੇਲੇ ਲਾਵਾਂ ਲੈ ਕੇ ਪੁਰਾਤਨ ਇਤਿਹਾਸ ਦੀ ਉਦਾਹਰਨ ਪੇਸ਼



ਆਕਲੈਂਡ-ਸੰਨ 2004 ਵਿਚ ਚੰਡੀਗੜ੍ਹ ਸ਼ਹਿਰ ਤੋਂ ਪੜ੍ਹਨ ਆਇਆ ਇਕ ਹਿੰਦੂ ਨੌਜਵਾਨ ਦੀਪਕ ਸ਼ਰਮਾ ਅਖੰਡ ਕੀਰਤਨੀ ਜੱਥੇ ਦੇ ਪ੍ਰਭਾਵ ਅਧੀਨ ਅੰਮ੍ਰਿਤ ਛੱਕ ਕੇ ਬਿਲਾਵਲ ਸਿੰਘ ਬਣ ਗਿਆ। ਚੰਡੀਗੜ੍ਹ ਵੱਸਦੇ ਪਿਤਾ ਅਸ਼ੋਕ ਸ਼ਰਮਾ ਅਤੇ ਮਾਤਾ ਸੁਨੀਤਾ ਸ਼ਰਮਾ ਦਾ ਇਹ ਹੋਣਹਾਰ ਬੇਟਾ ਗੁਰੂ ਘਰ ਜਾਂਦਾ-ਆਉਂਦਾ ਰਹਿੰਦਾ ਸੀ, ਪਰ ਇਕ ਵਾਰ ਸੰਨ 2009 ਦੇ ਵਿਚ ਆਕਲੈਂਡ ਦੇ ਉਟਾਹੂਹੂ ਗੁਰੂ ਘਰ ਵਿਖੇ ਇਹ ਰੈਣ ਸਬਾਈ ਕੀਰਤਨ ਸਰਵਣ ਕਰਨ ਗਿਆ।

ਉਥੇ ਇਸ ਵਿਦਿਆਰਥੀ ਦੇ ਅੰਦਰ ਸਿੱਖ ਧਰਮ ਪ੍ਰਤੀ ਅਜਿਹੀ ਜਗਿਆਸਾ ਜਾਗੀ ਕਿ ਉਹ ਦਿਨਾਂ ਵਿਚ ਹੀ ਦੀਪਕ ਸ਼ਰਮਾ ਤੋਂ ਬਿਲਾਵਲ ਸਿੰਘ ਬਣ ਗਿਆ। ਨਿਊਜ਼ੀਲੈਂਡ ਵਸਦੇ ਗੁਰਿੰਦਰਪਾਲ ਸਿੰਘ ਬਰਾੜ ਹੋਰਾਂ ਵੱਲੋਂ ਸਿੱਖ ਧਰਮ ਪ੍ਰਤੀ ਪੜ੍ਹਾਏ ਕੁਝ ਪਾਠਾਂ ਦਾ ਇਸ ਵਿਦਿਆਰਥੀ ਉੱਤੇ ਅਜਿਹਾ ਅਸਰ ਹੋਇਆ ਕਿ ਉਹ ਕੀਰਤਨ ਕਰਨ ਯੋਗ ਵੀ ਹੋ ਗਿਆ ਅਤੇ ਹਫਤਾਵਾਰੀ ਦੀਵਾਨਾਂ ਵਿਚ ਹਾਜ਼ਰੀ ਭਰਨ ਲੱਗਾ।

ਸ: ਬਰਾੜ ਹੋਰਾਂ ਇਸ ਸਿੱਖ ਬੱਚੇ ਦੀ ਸਿੱਖ ਧਰਮ ਪ੍ਰਤੀ ਪੈਦਾ ਹੋਈ ਸ਼ਰਧਾ ਅਤੇ ਗੁਣਾਂ ਨੂੰ ਵੇਖਦਿਆਂ ਇਕ ਹੋਰ ਨੇਕ ਉਪਰਾਲਾ ਕੀਤਾ ਅਤੇ ਇਸ ਬੱਚੇ ਦੇ ਵਿਆਹ ਦੀ ਗੱਲ ਇਕ ਸਿੱਖ ਬੀਬੀ ਸ਼ਰਨਦੀਪ ਕੌਰ ਸਪੁੱਤਰੀ ਪਵਿੱਤਰ ਸਿੰਘ ਤੇ ਸਰਦਾਰਨੀ ਸੁਰਜੀਤ ਕੌਰ ਪਿੰਡ ਗੋਰਾਇਆ ਜੋ ਕਿ ਨਿਊਜ਼ੀਲੈਂਡ ਪੜ੍ਹਨ ਆਈ ਹੋਈ ਸੀ, ਨਾਲ ਚਲਾਈ ਜਿਸ ਨੂੰ ਦੋਵਾਂ ਪਰਿਵਾਰਾਂ ਨੇ ਪ੍ਰਵਾਨ ਕਰ ਲਿਆ। ਇਸ ਜੋੜੇ ਨੇ ਪੁਰਾਤਨ ਸਿੱਖ ਇਤਿਹਾਸ ਦੁਹਰਾਂਦਿਆ ਅਨੰਦ ਕਾਰਜ ਦਾ ਸਮਾਂ ਅੰਮ੍ਰਿਤ ਵੇਲੇ ਚੁਣਿਆ ਅਤੇ ਬੀਤੇ ਐਤਵਾਰ ਤੜਕੇ 3 ਤੋਂ ਸਾਢੇ 4 ਵਜੇ ਦਰਮਿਆਨ ਇਸ ਜੋੜੇ ਨੇ ਪੂਰੇ ਸਿੱਖ ਬਾਣੇ ਅੰਦਰ ਅਤੇ ਪੂਰਨ ਰਹਿਤ ਮਰਿਯਾਦਾ ਅਨੁਸਾਰ ਆਨੰਦ ਕਾਰਜ ਰਚਾਇਆ।

# ਸ਼੍ਰੋਮਣੀ ਕਮੇਟੀ ਚੋਣਾਂ : ਹੁਣ ਤੱਕ 7 ਲੱਖ ਦੇ ਕਰੀਬ ਵੋਟਰ ਫ਼ਾਰਮ ਆਏ

✪ ਸਿੱਖ ਸੰਸਥਾਵਾਂ ਚੋਣ ਨਿਸ਼ਾਨ ਲਈ ਲਿਖਤੀ ਅਰਜ਼ੀ ਦੇਣ - ਗੁਰਦੁਆਰਾ ਕਮਿਸ਼ਨ

ਚੰਡੀਗੜ੍ਹ-ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਾਸਤੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਯੂ. ਟੀ. ਚੰਡੀਗੜ੍ਹ ਦੇ ਸਿੱਖ ਮਰਦਾਂ ਅਤੇ ਸਿੱਖ ਬੀਬੀਆਂ ਲਈ ਵੋਟਰ ਫ਼ਾਰਮ ਭਰੇ ਜਾਣ 'ਚ ਕੁਝ ਤੇਜ਼ੀ ਆਈ ਹੈ ਅਤੇ ਹੁਣ ਤੱਕ ਕੁਲ 6,34,812 ਫ਼ਾਰਮ ਪਟਵਾਰੀਆਂ ਕੋਲ ਪਹੁੰਚੇ ਹਨ, ਜਦੋਂ ਕਿ ਵਧਾਈ ਗਈ ਤਰੀਕ 14 ਅਗਸਤ ਤੱਕ ਇੰਨੇ ਹੀ ਹੋਰ ਫ਼ਾਰਮ ਆਉਣ ਦੀ ਉਮੀਦ ਹੈ। ਗੁਰਦੁਆਰਾ ਚੋਣ ਕਮਿਸ਼ਨ ਦੇ ਸੂਤਰਾਂ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਸਰਕਾਰਾਂ ਅਤੇ ਸਿੱਖ ਜੱਥੇਬੰਦੀਆਂ ਵੱਲੋਂ ਬੇਨਤੀ ਕੀਤੇ ਜਾਣ ਉਪਰੰਤ ਹੀ ਵੋਟਰ ਫ਼ਾਰਮ ਭੇਜਣ ਦੀ 15 ਜੁਲਾਈ ਆਖ਼ਰੀ ਤਰੀਕ ਨੂੰ ਅੱਗੇ 1 ਮਹੀਨੇ ਲਈ ਵਧਾਇਆ ਸੀ ਜਦੋਂ ਕਿ ਮੌਜੂਦਾ ਹੜ੍ਹਾਂ ਦੀ ਸਥਿਤੀ ਨੂੰ ਦੇਖਦਿਆਂ ਜੇ ਵੋਟਰ ਫ਼ਾਰਮ ਭਰਨ ਦੀ ਚਾਲ ਸੁਸਤ ਲੱਗੀ ਤਾਂ 14 ਅਗਸਤ ਨੇੜੇ ਹੀ ਕੁਝ ਸੋਚਿਆ ਜਾਵੇਗਾ। ਕਮਿਸ਼ਨ ਸੂਤਰਾਂ ਨੇ ਸਪੱਸ਼ਟ ਕੀਤਾ ਕਿ ਪਿਛਲੀਆਂ 2004 ਦੀਆਂ ਚੋਣਾਂ ਵਿੱਚ 8 ਸਿੱਖ ਧਾਰਮਿਕ ਪਾਰਟੀਆਂ ਮੈਦਾਨ ਵਿੱਚ ਆਈਆਂ ਸਨ ਅਤੇ ਐਤਕੀਂ ਹੋ ਸਕਦਾ ਹੈ ਕਿ 10 ਦੇ ਲੱਗਭੱਗ ਧਾਰਮਿਕ ਜੱਥੇਬੰਦੀਆਂ ਹੋ ਜਾਣ। ਸੂਤਰਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਚੋਣਾਂ ਹੁਣ ਅਗਲੇ ਸਾਲ ਫਰਵਰੀ ਜਾਂ ਮਾਰਚ ਤੱਕ ਹੀ ਸੰਭਵ ਹੋ ਸਕਣਗੀਆਂ ਜਿਸ ਵਾਸਤੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਸੌਂਪਣ ਵਾਸਤੇ ਸਿੱਖ ਜੱਥੇਬੰਦੀਆਂ ਤੋਂ ਲਿਖਤੀ ਅਰਜ਼ੀਆਂ ਮੰਗੀਆਂ ਜਾਣਗੀਆਂ।



ਪਿਛਲੇ ਦਿਨੀਂ ਸੰਤ ਹਰਖੋਵਾਲ ਵਾਲਿਆਂ ਦਾ ਆਗਮਨ ਦਿਹਾੜਾ ਉਨ੍ਹਾਂ ਦੇ ਜਨਮ ਨਗਰ ਪਿੰਡ ਲੰਗੇਰੀ ਵਿਖੇ, ਸ਼ਰਧਾ ਸਹਿਤ ਮਨਾਇਆ ਗਿਆ । ਸਜਾਏ ਗਏ ਦੀਵਾਨ ਵਿੱਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਹੈੱਡ ਸਾਬਕਾ ਰਾਗੀ ਜਥਾ ਪ੍ਰੋ: ਚੰਨਣ ਸਿੰਘ ਜੀ ਸੇਵਕ ਕੀਰਤਨ ਅਤੇ ਸਿੱਖ ਵਿਦਵਾਨ ਸ: ਭਗਵਾਨ ਸਿੰਘ ਜੀ ਜੌਹਲ ਗੁਰਬਾਣੀ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ । ਫੋਟੋ-ਸੰਭਲ

# ਅਮਰੀਕਾ ਨੇ ਅਪਰਾਧ ਦੇ ਸ਼ਿਕਾਰ 10000 ਲੋਕਾਂ ਨੂੰ ਵਿਸ਼ੇਸ਼ ਵੀਜ਼ੇ ਦੀ ਮਨਜ਼ੂਰੀ ਦਿੱਤੀ

ਵਾਸ਼ਿੰਗਟਨ-ਅਮਰੀਕਾ ਨੇ ਅਪਰਾਧ ਦੇ ਸ਼ਿਕਾਰ ਜਾਂ ਗੈਰ-ਕਾਨੂੰਨੀ ਤੌਰ 'ਤੇ ਲਿਆਂਦੇ ਗਏ ਲੋਕਾਂ ਲਈ ਵਿੱਤੀ ਸਾਲ 2010 ਵਿੱਚ 10000 ਵਿਸ਼ੇਸ਼ ਵੀਜ਼ੇ ਦੀ ਮਨਜ਼ੂਰੀ ਦੇ ਦਿੱਤੀ ਹੈ। ਯੂ. ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸ (ਯੂ. ਐੱਸ. ਸੀ. ਆਈ. ਐੱਸ.) ਨੇ ਦੱਸਿਆ ਕਿ ਅਪਰਾਧ ਸੰਬੰਧੀ ਮਾਮਲਿਆਂ ਦੀ ਜਾਂਚ ਵਿੱਚ ਸਹਾਇਤਾ ਲਈ ਬਣਾਏ ਗਏ ਵਿਕਟਮ ਆਫ ਟ੍ਰੈਫਿਕਿੰਗ ਐਂਡ ਵਾਏਲੇਂਸ ਪ੍ਰੋਟੈਕਸ਼ਨ ਐਕਟ 2008 ਦੇ ਤਹਿਤ ਇਨ੍ਹਾਂ ਨੂੰ ਯੂ ਵੀਜ਼ਾ ਦਿੱਤਾ ਹੈ। ਇਸ ਤੋਂ ਇਲਾਵਾ ਅਮਰੀਕਾ ਵਿੱਚ ਰਹਿ ਰਹੇ ਜਾਂ ਬਾਹਰ ਵਾਲੇ ਉਨ੍ਹਾਂ ਪੀੜਿਤਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਜੋ ਕਿ ਜਾਂਚ ਵਿੱਚ ਸਹਿਯੋਗ ਦੇਣ ਲਈ ਇੱਛਾ ਰੱਖਦੇ ਹਨ। ਯੂ. ਐੱਸ. ਸੀ. ਆਈ. ਐੱਸ. ਨੇ ਦੱਸਿਆ ਕਿ 30 ਸਤੰਬਰ ਨੂੰ ਵਿੱਤੀ ਸਾਲ 2010 ਖ਼ਤਮ ਹੋ ਰਿਹਾ ਹੈ। ਅਗਲੇ ਵਿੱਤੀ ਸਾਲ ਦੀ ਸ਼ੁਰੂਆਤ ਤੱਕ ਕੋਈ ਵਾਧੂ ਯੂ.ਵੀਜ਼ੇ ਜਾਰੀ ਨਹੀਂ ਕੀਤੇ ਜਾਣਗੇ।